ਨਿਊਜ਼ ਰਿਲੀਜ਼

# ਚਾਈਲਡ-ਕੇਅਰ ਸਥਾਨਾਂ 'ਚ ਭੋਜਨ ਸੁਰੱਖਿਆ ਨੂੰ ਵਧਾਉਣਾ

24 ਜੁਲਾਈ, 2024 ਮੀਡੀਆਂ ਇੰਨਕੁਆਰੀਆਂ

## ਐਲਬਰਟਾ ਸਰਕਾਰ ਲਾਇਸੈਂਸਸ਼ੁਦਾ ਚਾਈਲਡ-ਕੇਅਰ ਫੈਸਿਲਿਟੀਆਂ 'ਚ ਬੱਚਿਆਂ ਦੀ ਸਿਹਤ ਅਤੇ ਸੁਰੱਖਿਆ ਦੀ ਰਾਖੀ ਕਰਨ ਲਈ ਸਿਫਾਰਸ਼ਾਂ 'ਤੇ ਕਾਰਵਾਈ ਕਰ ਰਹੀ ਹੈ।

ਪਿਛਲੀ ਪੱਤਝੜ ਰੁੱਤੇ ਕੈਲਗਰੀ 'ਚ ਕਈ ਲਾਇਸੈਂਸ-ਸ਼ੁਦਾ ਚਾਈਲਡ-ਕੇਅਰ ਫੈਸਿਲਿਟੀਆਂ ਨੂੰ ਈ. ਕੋਲਈ ਦੇ ਭਿਆਨਕ ਪ੍ਰਕੋਪ ਦਾ ਸਾਹਮਣਾ ਕਰਨਾਂ ਪਿਆ, ਜਿਹੜਾ ਸੂਬੇ ਦੇ ਇਤਿਹਾਸ 'ਚ ਸਭ ਤੋਂ ਵੱਡਾ ਸੀ। ਇਸ ਦੇ ਜਵਾਬ 'ਚ ਐਲਬਰਟਾ ਸਰਕਾਰ ਨੇ ਉਸ ਘਟਨਾਂ ਦੇ ਆਲੇ-ਦੁਆਲੇ ਦੇ ਸਾਰੇ ਹਾਲਾਤ ਦੀ ਮੁਕੰਮਲ ਪੁਨਰ-ਪੜਚੋਲ ਕਰਨ ਵਾਸਤੇ ਅਤੇ ਅਜਿਹਾ ਕੁਝ ਦੁਬਾਰਾ ਵਾਪਰਨ ਤੋਂ ਰੋਕਣ ਦੇ ਢੰਗ ਤਰੀਕਿਆਂ ਦੀ ਸਿਫਾਰਸ਼ ਕਰਨ ਵਾਸਤੇ ਫੂਡ ਸੇਫਟੀ ਐਂਡ ਲਾਇਸੈਂਸਡ ਫੈਸਿਲਿਟੀ-ਬੇਸਡ ਚਾਈਲਡ-ਕੇਅਰ ਰੀਵਿਊ ਪੈਨਲ (ਰੀਵਿਊ) ਦੀ ਸਥਾਪਨਾਂ ਕੀਤੀ।

ਪੈਨਲ ਦੀ ਸੱਤ ਮਹੀਨਿਆਂ ਦੀ ਪੁਨਰ-ਪੜਚੋਲ ਦੇ ਨਤੀਜੇ ਵਜੋਂ ਇਕ ਅੰਤਮ ਰਿਪੋਰਟ ਆਈ ਜਿਸ 'ਚ 12 ਮੁਢਲੀਆਂ ਸਿਫਾਰਸ਼ਾਂ ਅਤੇ 27 ਉਪ-ਸਿਫਾਰਸ਼ਾਂ ਸ਼ਾਮਲ ਹਨ। ਸਿਫਾਰਸ਼ਾਂ ਤਿੰਨ ਮੁੱਖ ਵਿਸ਼ਿਆਂ ਦੁਆਲੇ ਕੇਂਦਰਿਤ ਹਨ:

- ਭੋਜਨ ਸੁਰੱਖਿਆ ਦੇ ਕਚਲਰ ਨੂੰ ਉਤਸ਼ਾਹ ਕਰਨਾਂ ਜਿਹੜਾ ਬੱਚਿਆਂ ਲਈ ਉੱਚ-ਕੁਆਲਿਟੀ ਦੇ ਸੁਰੱਖਿਅਤ ਅਤੇ ਸਵਸਥ ਸਿੱਖਿਆ ਵਾਤਾਵਰਣ ਦੀ ਹਿਮਾਇਤ ਕਰਦਾ ਹੋਵੇ
- ਭੋਜਨ ਸੁਰੱਖਿਆ ਲਈ ਪਬਲਿਕ ਪਾਲਿਸੀ, ਵਿਧਾਨ ਅਤੇ ਮੁਆਇਨਿਆਂ ਦੇ ਸਿਸਟਮ ਬਣਾਉਣਾ
- ਸਿਸਟਮ ਅਨੁਸਾਰੀਕਰਨ ਅਤੇ ਏਕੀਕਰਨ

ਰੀਵਿਊ ਪੈਨਲ ਦਾ ਵਿਸ਼ਵਾਸ਼ ਹੈ ਕਿ ਇਹ ਸਿਫਾਰਸ਼ਾਂ ਭੋਜਨ ਸੁਰੱਖਿਆ ਦਾ ਇਕ ਅਜਿਹਾ ਸਿਸਟਮ ਵਿਕਸਤ ਕਰਨ ਲਈ ਮਦਦਗਾਰ ਹਨ ਜਿਹੜਾ ਭਰੋਸੇਯੋਗ, ਜਵਾਬਦੇਹ ਅਤੇ ਪਰਿਵਾਰਾਂ ਤੇ ਉਨ੍ਹਾਂ ਦੇ ਬੱਚਿਆਂ ਦੁਆਲੇ ਕੇਂਦਰਿਤ ਹੋਵੇਗਾ।

“ਪਿਛਲੇ ਸਾਲ ਦੇ ਈ.ਕੋਲਈ ਪ੍ਰਪੋਕ ਦਾ ਪਰਿਵਾਰਾਂ ਉੱਪਰ ਭਿਆਨਕ ਕਿਸਮ ਦਾ ਪ੍ਰਭਾਵ ਪਿਆ, ਅਤੇ ਅਸੀਂ ਇਹ ਯਕੀਨੀ ਬਣਾਉਣ ਲਈ ਪ੍ਰਤਿਬਧ ਹਾਂ ਕਿ ਅਜਿਹੀ ਘਟਨਾਂ ਸਾਡੇ ਸੂਬੇ 'ਚ ਦੁਬਾਰਾ ਕਦੇ ਨਾ ਵਾਪਰੇ। ਜਿਹੜਾ ਰੀਵਿਊ ਪੈਨਲ ਅਸੀਂ ਸਥਾਪਤ ਕੀਤਾ, ਉਸਨੇ ਪ੍ਰਕੋਪ ਦੀ ਮੁਕੰਮਲ ਸਥਿਤੀ ਦੀ ਪੁਨਰ-ਪੜਚੋਲ ਕਰਨ ਅਤੇ ਅਜਿਹੇ ਪ੍ਰਕੋਪ ਦੇ ਦੁਬਾਰਾ ਵਾਪਰਨ ਨੂੰ ਰੋਕਣ ਵਾਸਤੇ ਸਿਫਾਰਸ਼ਾਂ ਪ੍ਰਦਾਨ ਕਰਨ ਦਾ

ਮਹੱਤਵਪੂਰਨ ਕੰਮ ਕੀਤਾ। ਸਾਡੀ ਸਰਕਾਰ ਦੀ ਹਰੇਕ ਸਿਫਾਰਸ਼ ਉੱਪਰ ਕਾਰਵਾਈ ਕਰਨ ਦੀ ਮਨਸ਼ਾ ਹੈ ਤਾਂ ਕਿ ਅਸੀਂ ਬੱਚਿਆਂ ਦੀ ਸੁਰੱਖਿਆ ਦੀ ਰਾਖੀ ਕਰ ਸਕੀਏ ਅਤੇ ਸਿਸਟਮ ਵਿਚ ਭਰੋਸੇ ਨੂੰ ਮੁੜ-ਬਹਾਲ ਕਰ ਸਕੀਏ।"

*Danielle Smith, ਪ੍ਰੀਮੀਅਰ*

ਐਲਬਰਟਾ ਸਰਕਾਰ ਨੇ ਪੈਨਲ ਦੀ ਰਿਪੋਰਟ ਸਵੀਕਾਰ ਕਰ ਲਈ ਹੈ ਅਤੇ ਉਹ ਸਪੱਸ਼ਟ ਆਸ਼ਾਵਾਂ ਤੇ ਇਕ ਫਰੇਮਵਰਕ, ਕਿ ਸਿਹਤ ਮੁਆਇਨੇ ਕਿਵੇਂ ਕੀਤੇ ਜਾਣੇ ਹਨ, ਸਥਾਪਤ ਕਰਨ ਸਮੇਤ ਸਿਫਾਰਸ਼ਾਂ ਨਾਲ ਨਿਪਟਣ ਲਈ ਕੰਮ ਕਰਨਾਂ ਆਰੰਭ ਕਰੇਗੀ। ਮਿਸਾਲ ਵਜੋਂ, ਚਾਈਲਡ-ਕੇਅਰ ਫੈਸਿਲਿਟੀਆਂ/ਭੋਜਨ ਵੰਡ ਫੈਸਿਲਿਟੀਆਂ 'ਤੇ ਮੁਆਇਨਿਆਂ ਦੀ ਗਿਣਤੀ ਵਧਾਉਣ ਅਤੇ ਉਨਾਂ ਚਾਈਡ-ਕੇਅਰ ਫੇਸਲਿਟੀਆਂ 'ਤੇ ਜਿੱਥੇ ਭੋਜਨ ਸੁਰੱਖਿਆ ਦੇ ਇਤਰਾਜ਼ ਉਠਾਏ ਗਏ ਹਨ, ਰਿਸਪਾਂਸ ਦੇ ਸਮੇਂ 'ਚ ਸੁਧਾਰ ਲਿਆਉਣ ਲਈ ਕੰਮ ਪਹਿਲਾਂ ਹੀ ਚੱਲ ਰਿਹਾ ਹੈ।

"ਰੀਵਿਊ ਪੈਨਲ ਦੀ ਮੁਹਾਰਤ ਤੋਂ ਲਾਭ ਉਠਾਉਂਦਿਆਂ ਅਤੇ ਪ੍ਰਭਾਵਗ੍ਰਸਤ ਪਰਿਵਾਰਾਂ ਤੇ ਸਟੇਕਹੋਲਡਰਾਂ ਦੇ ਸਹਿਯੋਗ ਨਾਲ ਅਸੀਂ ਲਾਇਸੈਂਸ-ਸ਼ੁਦਾ ਚਾਈਲਡ-ਕੇਅਰ ਫੈਸਿਲਿਟੀਆਂ 'ਚ ਭੋਜਨ ਸੁਰੱਖਿਆ ਦੇ ਨਵੇਂ ਮਿਆਰਾਂ ਵਾਸਤੇ ਬੁਨਿਆਦੀ ਕੰਮ ਸ਼ੁਰੂ ਕਰ ਦਿੱਤਾ ਹੋਇਆ ਹੈ। ਇਹ ਕੰਮ ਐਲਬਰਟਾ ਦੇ ਚਾਈਲਡ-ਕੇਅਰ ਸਿਸਟਮ 'ਚ ਪਬਲਿਕ ਦੇ ਭੋਰਸੇ ਦੀ ਮੁੜ-ਸਥਾਪਤੀ 'ਚ ਅਤੇ ਮਾਪਿਆਂ ਨੂੰ ਮੁੜ ਯਕੀਨ ਦਿਵਾਉਣ 'ਚ ਮਦਦ ਕਰੇਗਾ ਕਿ ਉਨ੍ਹਾਂ ਦੇ ਬੱਚੇ ਸੁਰੱਖਿਅਤ ਹੱਥਾਂ 'ਚ ਹਨ।"

*Adriana LaGrange, ਮਿਨਿਸਟਰ ਆਫ ਹੈਲਥ*

ਸਿਫਾਰਸ਼ਾਂ ਨੂੰ ਲਾਗੂ ਕਰਨ ਵਾਸਤੇ ਯੋਜਨਾਂਬੰਦੀ ਵੀ ਚੱਲ ਰਹੀ ਹੈ ਜਿਸ ਅਨੁਸਾਰ ਸਾਰੇ ਲਾਇਸੈਂਸਸ਼ੁਦਾ ਚਾਈਲਡ-ਕੇਅਰ ਪ੍ਰਦਾਨਕਰਤਿਆਂ ਲਈ ਲੋੜੀਂਦਾ ਹੋਵੇਗਾ ਕਿ ਉਹ ਮਾਪਿਆਂ ਦੇ ਪੁਨਰ-ਨਿਰੀਖਣ ਵਾਸਤੇ ਆਪਣੀਆਂ ਪਬਲਿਕ ਹੈਲਥ ਮੁਆਇਨਿਆਂ ਦੀਆਂ ਤਾਜ਼ਾ ਰਿਪੋਰਟਾਂ ਵਿਸ਼ੇਸ਼ ਤੌਰ 'ਤੇ ਪੋਸਟ ਕਰਨ। ਇਹ ਚੀਜ਼ ਯਕੀਨੀ ਬਣਾਉਣ 'ਚ ਮਦਦ ਕਰੇਗੀ ਕਿ ਮਾਪੇ ਸਮਝਦੇ ਹੋਣ ਕਿ ਉਨ੍ਹਾਂ ਆਪਣੇ ਬੱਚੇ ਦੀ ਚਾਈਲਡ-ਕੇਅਰ ਫੈਸਿਲਿਟੀ 'ਤੇ ਭੋਜਨ ਸੁਰੱਖਿਆ ਸਬੰਧੀ ਸ਼ਿਕਾਇਤ ਕਿਵੇਂ ਰਿਪੋਰਟ ਕਰਨੀ ਹੈ।

"ਹਰ ਰੋਜ਼, ਐਲਬਰਟਾ ਵਿਚਲੇ ਮਾਪੇ ਚਾਈਲਡ-ਕੇਅਰ ਪ੍ਰਦਾਨਕਰਤਿਆਂ 'ਚ ਆਪਣਾ ਭਰੋਸਾ ਜ਼ਾਹਰ ਕਰਦੇ ਹਨ। ਇਸ ਰਿਪੋਰਟ ਵਿਚਲੀਆਂ ਸਿਫਾਰਸ਼ਾਂ ਦੁਆਰਾ, ਅਸੀਂ ਉਹ ਭਰੋਸਾ ਮੁੜ ਉਸਾਰਨਾਂ ਸ਼ੁਰੂ ਕਰ ਸਕਦੇ ਹਾਂ ਜਿਹੜਾ ਈ.ਕੋਲਈ ਦੇ ਭਿਆਨਕ ਪ੍ਰਕੋਪ ਦੀ ਵਜਹ ਕਰਕੇ ਚੁੱਕਿਆ ਗਿਆ ਸੀ। ਅਸੀਂ ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਯਕੀਨੀ ਬਣਾਉਣ 'ਤੇ ਕੇਂਦਰਿਤ ਭੋਜਨ ਸੁਰੱਖਿਆ ਦਾ ਇਕ ਕਲਚਰ ਸਥਾਪਤ ਕਰਨ ਲਈ ਪ੍ਰਤਿਬਧ ਹਾਂ, ਤਾਂ ਕਿ ਮਾਪੇ ਇਹ ਜਾਣਦਿਆਂ ਹੋਇਆਂ ਸਕੂਲ ਜਾਂ ਕੰਮ 'ਤੇ ਜਾ ਸਕਣ ਕਿ ਉਨ੍ਹਾਂ ਦੇ ਬੱਚੇ ਸੁਰੱਖਿਅਤ ਅਤੇ ਪ੍ਰਫੁੱਲਤ ਹਨ।"

*Matt Jones, ਮਿਨਿਸਟਰ ਆਫ ਜੌਬਜ਼, ਇਕਾਨਮੀ ਐਂਡ ਟਰੇਡ*

ਜਦੋਂ ਕਿ ਕੁਝ ਸਿਫਾਰਸ਼ਾਂ ਹਨ ਜਿਹੜੀਆਂ ਹੁਣੇ ਹੁਣੇ ਲਾਗੂ ਕੀਤੀਆਂ ਜਾ ਸਕਦੀਆਂ ਹਨ, ਕੁਝ ਹੋਰ ਸਮੇਂ ਅਨੁਸਾਰ ਪੜਾਵਾਂ 'ਚ ਲਾਗੂ ਹੋਣਗੀਆਂ, ਜਿੰਨ੍ਹਾਂ 'ਚ ਕਾਨੂੰਨ 'ਚ ਸੰਭਾਵਤ ਤਬਦੀਲੀਆਂ ਸ਼ਾਮਲ ਹਨ। ਨਾਲ ਹੀ ਕੁਝ ਸਿਫਾਰਸ਼ਾਂ ਵਾਸਤੇ ਹੋਰ ਵਿਸ਼ਲੇਸ਼ਣ ਅਤੇ ਪਰਿਵਾਰਾਂ, ਚਾਈਲਡ-ਕੇਅਰ ਫੈਸਿਲਿਟੀਆਂ, ਲਾਇਸੈਂਸਸ਼ੁਦਾ ਫੂਡ ਅਦਾਰਿਆਂ ਅਤੇ ਫੂਡ ਸਰਵਿਸ ਇੰਡਸਟਰੀ ਨਾਲ ਹੋਰ ਵਧੇਰੇ ਆਦਾਨ-ਪ੍ਰਦਾਨ ਦੀ ਜ਼ਰੂਰਤ ਹੋਵੇਗੀ। ਐਲਬਰਟਾ ਸਰਕਾਰ ਰੀਵਿਊ ਪੈਨਲ ਦੁਆਰਾ ਕੀਤੀਆਂ ਬਾਕੀ ਸਿਫਾਰਸ਼ਾਂ ਦਾ ਵਿਸ਼ਲੇਸ਼ਣ ਕਰ ਰਹੀ ਹੈ।

## ਆਊਟਬਰੇਕ ਇੰਨਵੈਸਟੀਗੇਸ਼ਨ ਰਿਪੋਰਟ

ਈ.ਕੋਲਈ ਪ੍ਰਕੋਪ ਦੌਰਾਨ, ਐਲਬਰਟਾ ਹੈਲਥ ਸਰਵਿਸਿਜ਼ ਨੇ ਕੰਟਰੋਲ ਕਰਨ ਦੇ ਝਟਪਟ ਉਪਾਵਾਂ, ਵਧੀਕ ਕੇਸਾਂ ਦੀ ਰੋਕਥਾਮ ਅਤੇ ਪ੍ਰਕੋਪ ਫੁੱਟਣ ਦੇ ਸਰੋਤ ਨੂੰ ਲੱਭਣ 'ਤੇ ਕੇਂਦਰਿਤ ਇਕ ਜਾਂਚ-ਪੜਤਾਲ ਅਰੰਭ ਕੀਤੀ ਸੀ। ਜਦੋਂ ਪ੍ਰਕੋਪ ਖਤਮ ਹੋ ਗਿਆ, ਐਲਬਰਟਾ ਹੈਲਥ ਸਰਵਿਸਿਜ਼ ਨੇ ਸਰੋਤ ਮਿਥਣ 'ਚ ਜਾਂਚ-ਪੜਤਾਲ ਜਾਰੀ ਰੱਖੀ।

ਅੰਕੜੇ ਇਕੱਤਰ ਕਰਨ ਅਤੇ ਪ੍ਰਭਾਵਤ ਹੋਏ ਮਾਪਿਆਂ, ਚਾਈਲਡ-ਕੇਅਰ ਸੰਚਾਲਕਾਂ ਅਤੇ ਸੈਂਟਰਲ ਕਿਚਨ ਸਟਾਫ ਨਾਲ ਆਦਾਨ-ਪ੍ਰਦਾਨ ਦੇ ਕਈ ਮਹੀਨਿਆਂ ਬਾਅਦ, ਇਕ ਖਾਣਾ ਜੋ ਸੈਂਟਰਲ ਕਿਚਨ 'ਚੋਂ ਬਣਕੇ ਨਿਕਲਿਆ, ਉਸ ਵਿਚ ਬਹੁਤ ਖਰਾਬੀ ਪਾਈ ਗਈ, ਜੋ ਜਾਂਚ-ਪੜਤਾਲ ਦਾ ਸਰੋਤ ਬਣਿਆਂ। 29 ਅਗਸਤ 2023 ਨੂੰ ਲੰਚ ਵਿਚ ਦਿੱਤਾ ਗਿਆ ਬੀਫ ਮੀਟਲੋਫ ਬਾਕਾਇਦਾ ਮੈਨਿਊ 'ਚੋਂ ਭੋਜਨ ਖਾਣ ਵਾਲੇ ਲੋਕਾਂ ਲਈ ਈ. ਕੋਲਈ ਦੀ ਮੌਜੂਦਗੀ ਵਾਲੀ ਸੰਭਾਵਤ ਫੂਡ ਆਈਟਮ ਸੀ।

ਉਨ੍ਹਾਂ ਲੋਕਾਂ ਲਈ, ਜਿੰਨ੍ਹਾਂ ਨੇ ਵਿਸ਼ੇਸ਼ ਮੈਨਿਊ (ਡੇਅਰੀ ਫਰੀ, ਗਲੂਟਨ ਫਰੀ, ਅਤੇ ਵੀਗਨ) 'ਚੋਂ ਭੋਜਨ ਖਾਧਾ, ਸੰਭਾਵਤ ਪ੍ਰਦੂਸ਼ਤ ਸਰੋਤ ਵੀ ਬਹੁਤ ਹੱਦ ਤੱਕ 29 ਅਗਸਤ 2023 ਨੂੰ ਦਿੱਤੇ ਗਏ ਲੰਚ ਦੌਰਾਨ ਹੀ ਦਿੱਤਾ ਗਿਆ, ਪਰੰਤੂ ਟੈਸਟ ਕਰਨ ਵਾਸਤੇ ਜੂਠੇ ਬਚੇ ਭੋਜਨ ਦੇ ਨਮੂਨਿਆਂ ਦੀ ਅਣਹੋਂਦ ਕਾਰਨ ਸਹੀ ਸਰੋਤ ਦੀ ਨਿਸ਼ਾਨਦੇਹੀ ਨਾ ਹੋ ਸਕੀ।

ਏ ਐੱਚ ਐੱਸ ਦੀ ਆਊਟਬਰੇਕ ਇੰਨਵੈਸਟੀਗੇਸ਼ਨ ਰਿਪੋਰਟ ਦੇ ਨਤੀਜਿਆਂ ਦਾ ਐਲਬਰਟਾ ਹੈਲਥ ਅਤੇ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ (PHAC) ਵੱਲੋਂ ਪੁਨਰ-ਨਿਰੀਖਣ ਕੀਤਾ ਜਾ ਚੁੱਕਾ ਹੈ।

## ਫੌਰੀ ਤੱਥ

- 4 ਸਤੰਬਰ 2023 ਨੂੰ ਐਲਬਰਟਾ ਹੈਲਥ ਸਰਵਿਸਿਜ਼ (AHS) ਨੇ ਕੈਲਗਰੀ 'ਚ 11 ਲਾਇਸੈਂਸਸ਼ੁਦਾ ਫੈਸਿਲਿਟੀ-ਆਧਾਰਿਤ ਚਾਈਲਡ-ਕੇਅਰ ਫੈਸਿਲਿਟੀਆਂ 'ਚ Shiga toxin, ਜੋ ਈ. ਕੋਲਾਈ O157:H7 (STEC) ਪੈਦਾ ਕਰ ਰਿਹਾ ਸੀ, ਦੇ ਪ੍ਰਕੋਪ ਦਾ ਐਲਾਨ ਕੀਤਾ, ਜਿਹੜਾ ਇਕ ਸਾਂਝੀ ਕਿਚਨ ਨਾਲ ਜਾ ਜੁੜਦਾ ਸੀ।
- 24 ਅਕਤੂਬਰ 2023 ਨੂੰ AHS ਨੇ ਐਲਾਨ ਕੀਤਾ ਕਿ ਪ੍ਰਕੋਪ ਖਤਮ ਹੋ ਗਿਆ ਹੈ। ਪ੍ਰਕੋਪ ਕੁੱਲ ਮਿਲਾ ਕੇ 51 ਦਿਨ ਜਾਰੀ ਰਿਹਾ ਅਤੇ ਉਸਨੇ ਕੁੱਲ 17 ਲਾਇਸੈਂਸਸ਼ੁਦਾ ਚਾਈਲਡ-ਕੇਅਰ ਫੈਸਿਲਿਟੀਆਂ ਨੂੰ ਪ੍ਰਭਾਵਿਤ ਕੀਤਾ, ਜਿੰਨ੍ਹਾਂ 'ਚ 11 ਪਹਿਲੀਆਂ ਅਤੇ ਛੇ ਹੋਰ ਵਧੀਕ ਸੈਕੰਡਰੀ ਸਾਈਟਾਂ ਸ਼ਾਮਲ ਹਨ।
- ਅਕਤੂਬਰ 2023 'ਚ ਐਲਬਰਟਾ ਸਰਕਾਰ ਨੇ ਇਸ ਪ੍ਰਕੋਪ ਦੇ ਜਵਾਬ ਵਿਚ ਫੂਡ ਸੇਫਟੀ ਐਂਡ ਲਾਇਸੈਂਸਡ ਫੈਸਿਲਿਟੀ-ਬੇਸਡ ਚਾਈਲਡ ਕੇਅਰ ਰੀਵਿਊ ਪੈਨਲ ਦੇ ਮੈਂਬਰਾਂ ਦੀ ਨਿਯੁਕਤੀ ਕੀਤੀ।
- ਰੀਵਿਊ ਪੈਨਲ, ਜਿਸ ਵਿਚ ਲਾਇਸੈਂਸਡ ਫੈਸਿਲਿਟੀ-ਬੇਸਡ ਚਾਈਲਡ ਕੇਅਰ, ਫੂਡ ਸਰਵਿਸ ਅਦਾਰਿਆਂ ਅਤੇ ਪਬਲਿਕ ਹੈਲਥ ਅਤੇ ਫੂਡ ਸੇਫਟੀ 'ਚ ਉੱਤਮ ਅਭਿਆਸਾਂ ਦਾ ਗਿਆਨ ਰੱਖਣ ਵਾਲੇ ਮੈਂਬਰ ਸ਼ਾਮਲ ਸਨ, ਨੇ ਦਫਤਰੀ ਤੌਰ 'ਤੇ 2 ਨਵੰਬਰ 2023 ਨੂੰ ਆਪਣਾ ਕੰਮ ਅਰੰਭ ਕੀਤਾ।

- The panel was tasked with reviewing food safety in licensed child-care facilities and the kitchens that serve them. This included a review of the *Public Health Act*, Food Regulation, Institutions Regulation, *Early Learning and Child Care Act* and Regulation, and applicable standards, guidelines and procedures.
- ਪੈਨਲ ਨੂੰ ਦਿੱਤਾ ਗਿਆ ਕੰਮ ਲਾਇਸੈਂਸਸ਼ੁਦਾ ਚਾਈਲਡ-ਕੇਅਰ ਫੈਸਿਲਿਟੀਆਂ 'ਚ ਭੋਜਨ ਸੁਰੱਖਿਆ ਅਤੇ ਉਹ ਕਿਚਨਾਂ, ਜਿਹੜੀਆਂ ਭੋਜਨ ਪੇਸ਼ ਕਰਦੀਆਂ ਸਨ, ਦਾ ਪੁਨਰ ਨਿਰੀਖਣ ਕਰਨਾਂ ਸੀ। ਇਸ 'ਚ *ਪਬਲਿਕ ਹੈਲਥ ਐਕਟ*, ਫੂਡ ਰੈਗੂਲੇਸ਼ਨ, ਇੰਸਟੀਚਿਊਸ਼ਨਜ਼ ਰੈਗੂਲੇਸ਼ਨ, *ਅਰਲੀ ਲਰਨਿੰਗ ਐਂਡ ਚਾਈਲਡ ਕੇਅਰ ਐਕਟ* ਅਤੇ ਰੈਗੂਲੇਸ਼ਨ, ਅਤੇ ਲਾਗੂ ਹੁੰਦੇ ਮਿਆਰਾਂ, ਗਾਈਡਲਾਈਨਾਂ ਅਤੇ ਢੰਗ ਤਰੀਕਿਆਂ ਦੀ ਪੁਨਰ-ਪੜਚੋਲ ਕਰਨਾਂ ਸ਼ਾਮਲ ਸੀ।
- ਇਸ ਕੰਮ 'ਚ ਮਦਦ ਕਰਨ ਵਾਸਤੇ ਰੀਵਿਊ ਪੈਨਲ ਨੇ ਪ੍ਰਭਾਵਤ ਮਾਪਿਆਂ ਅਤੇ ਪਰਿਵਾਰਾਂ, ਪ੍ਰਭਾਵਤ ਚਾਈਲਡ-ਕੇਅਰ ਪ੍ਰਦਾਨਕਰਤਿਆਂ, ਵਿਸ਼ਾ ਸਮੱਗਰੀ ਮਾਹਰਾਂ, ਸੰਸਥਾਵਾਂ ਅਤੇ ਐਸੋਸੀਏਸ਼ਨਾਂ, ਅਤੇ ਪਬਲਿਕ ਤੋਂ ਇਨਪੁੱਟ ਇਕੱਤਰ ਕਰਨ ਵਾਸਤੇ ਅਦਾਨ-ਪ੍ਰਦਾਨ ਸੈਸ਼ਨਾਂ ਦੀ ਇਕ ਲੜੀ ਅਯੋਜਿਤ ਕੀਤੀ।
- ਰੀਵਿਊ ਪੈਨਲ ਮੈਂਬਰਾਂ 'ਚ ਸ਼ਾਮਲ ਸਨ:
  - Rick Hanson, ਭੂਤਪੂਰਵ ਪੁਲਿਸ ਮੁਖੀ, ਕੈਲਗਰੀ ਪੁਲਿਸ ਸਰਵਿਸਿਜ਼
  - Dr. James Kellner, ਪੈਡੀਐਟ੍ਰੀਸ਼ੀਅਨ ਐਂਡ ਇੰਨਫੈਕਟੀਅਸ ਡਿਜ਼ੀਸਿਜ਼ ਸਪੈਸ਼ਲਿਸਟ, ਐਲਬਰਟਾ ਚਿਡਲਰਨ'ਜ਼ ਹੌਸਪੀਟਲ, ਅਤੇ ਪ੍ਰੋਫੈਸਰ, ਕੰਮਿੰਗ ਸਕੂਲ ਆਫ ਮੈਡੀਸਿਨ, ਯੂਨੀਵਰਸਿਟੀ ਆਫ ਕੈਲਗਰੀ
  - Dr. Lynn McMullen, ਪ੍ਰੋਫੈਸਰ ਐਮੀਰਿਟਾ (ਰਿਟਾਇਰਡ), ਫੈਕਲਟੀ ਆਫ ਐਗਰੀਕਲਚਰਲ, ਲਾਈਫ ਐਂਡ ਇੰਨਵਾਇਰਨਮੈਂਟਲ ਸਾਇੰਸ, ਯੂਨੀਵਰਸਿਟੀ ਆਫ ਐਲ੍ਬਰਟਾ
  - Leslie Echino, ਮਾਲਕ ਅਤੇ ਸੰਚਾਲਕ, ਐਨਾਬੈਲੇ'ਜ਼ ਕਿਚਨ ਐਂਡ ਬਾਰ
  - Tyler Shapka, ਮਾਲਕ, ਹੌਪਸਕਾਚ ਚਾਈਲਡ ਕੇਅਰ ਲਿਮਿਟਿਡ
  - Shannon Doram, ਪ੍ਰੈਜ਼ੀਡੈਂਟ ਅਤੇ ਸੀ ਈ ਓ, ਵਾਈ ਐਮ ਸੀ ਏ ਕੈਲਗਰੀ, ਐਸੋਸੀਏਸ਼ਨ ਸਰਵਿਸਿਜ਼

## ਸਬੰਧਤ ਜਾਣਕਾਰੀ

- ਈ. ਕੋਲਈ ਇੰਨਫੈਕਸ਼ਨਾਂ ਬਾਰੇ ਸਿੱਖਣਾ
- ਫੂਡ ਸੈਫਟੀ ਐਂਡ ਲਾਇਸੈਂਸਡ ਫੈਸਿਲਿਟੀ-ਬੇਸਡ ਚਾਈਲਡ ਕੇਅਰ ਰੀਵਿਊ ਪੈਨਲ
- ਐਲਬਰਟਾ ਹੈਲਥ ਸਰਵਿਸਿਜ਼ ਆਊਟਬਰੇਕ ਇੰਨਵੈਸਟੀਗੇਸ਼ਨ ਰਿਪੋਰਟ

## ਸਬੰਧਤ ਖਬਰਾਂ

- ਈ. ਕੋਲਈ ਆਊਟਬਰੇਕ ਰੀਵਿਊ ਪੈਨਲ ਬਾਰੇ ਅੱਪਡੇਟ (27 ਨਵੰਬਰ 2023)

- ਸਰਕਾਰ ਈ. ਕੋਲਈ ਆਊਟਬਰੇਕ ਦੇ ਜਵਾਬ 'ਚ ਪੈਨਲ ਅਰੰਭਦੀ ਹੈ (27 ਸਤੰਬਰ 2023)

## ਮਲਟੀਮੀਡੀਆ

- ਨਿਊਜ਼ ਕਾਨਫਰੰਸ ਵੇਖੋ

## ਮੀਡੀਆ ਇੰਨਕੁਆਰੀਆਂ


### Sam Blackett

780-427-2251
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ

### Andrea Smith

780-427-3665
ਪ੍ਰੈੱਸ ਸੈਕਰੇਟਰੀ, ਹੈਲਥ

### Marisa Breeze

780-644-8554
ਪ੍ਰੈੱਸ ਸੈਕਰੇਟਰੀ, ਜੌਬਜ਼, ਇਕਾਨਮੀ ਐਂਡ ਟਰੇਡ